The true picture of your local community
NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
0800 CLEANUS
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning
3 Bedroom
$ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੋਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
CONTACT RAJ : 021874730, 021874702, 0800 253 2687
www.redcleaning.co.nz

18 May 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਆਸਟ੍ਰੇਲੀਆਈ ਲੋਕਾਂ ਦੇ ਮੁਕਾਬਲੇ ਹਰ ਮਹੀਨੇ ਪ੍ਰਤੀ ਬਿੱਲ $35 ਜ਼ਿਆਦਾ ਭੁਗਤਾਨ ਕਰ ਰਹੇ ਹਨ-ਨਿਊਜੀਲੈਂਡ ਵਾਸੀ

COMMERCE COMMISSION NEW ZEALAND
Te Komihana Tauhokohoko

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ ਵਾਸੀ ਆਸਟਰੇਲੀ ਦੇ ਲੋਕਾਂ ਤੋਂ ਔਸਤਨ ਪ੍ਰਤੀ ਮਹੀਨਤ 35 ਡਾਲਰ ਜਿਆਦਾ ਭੁਗਤਾਨ ਕਰਦੇ ਹਨ। ਜਿੱਥੇ ਨਿਊਜੀਲੈਂਡ ਵਾਸੀਆਂ ਨੂੰ 35 ਡਾਲਰ ਦੇਣੇ ਪੈਂਦੇ ਨੇ ਉੱਥੇ ਆਸਟਰੇਲੀਆਈ ਲੋਕ ਸਿਰਫ 13 ਡਾਲਰ ਹੀ ਦੇਂਦੇ ਹਨ। ਕਾਮਰਸ ਕਮਿਸ਼ਨ ਵੱਲੋਂ ਜਾਰੀ ਤਾਜਾ ਰਿਪੋਰਟ ਅਨੁਸਾਰ ਨਿਊਜੀਲੈਂਡ ਵਾਸੀਆਂ ਨੂੰ 4ਜੀ ਇੰਟਰਨੈੱਟ ਲਈ ਵੀ ਜਿਆਦਾ ਡਾਲਰ ਦੇਣੇ ਪੈਂਦੇ ਨੇ। ਪਰ ਇਸ ਦੇ ਬਾਵਜੂਦ ਸਕਿਨੀ ਅਤੇ 2 ਡਿਗਰੀ ਕੰਪਨੀਆਂ ਦੇ ਗ੍ਰਾਹਕ ਨਿਊਜੀਲੈਂਡ 'ਚ ਸੰਤੁਸ਼ਟ ਹਨ।

# ਵਿਸ਼ਵ ਕੱਪ ਤੋਂ ਪਹਿਲਾਂ ਨਿਊਜ਼ੀਲੈਂਡ ਨੂੰ ਲੱਗਾ ਵੱਡਾ ਝਟਕਾ, ਪਹਿਲੇ ਮੈਚ ਚੋਂ ਬਾਹਰ ਹੋ ਸਕਦੈ ਇਹ ਧਾਕੜ ਖਿਡਾਰੀ



ਇੰਗਲੈਂਡ ਤੇ ਵੇਲਸ 'ਚ 30 ਮਈ ਤੋਂ ਸ਼ੁਰੂ ਹੋਣ ਵਾਲੇ ਆਈ. ਸੀ. ਸੀ ਵਿਸ਼ਵ ਕੱਪ 2019 ਤੋਂ ਪਹਿਲਾਂ ?ਨਿਊਜ਼ੀਲੈਂਡ ਦੇ ਵਿਕਟਕੀਪਰ ਬੱ ?ਲੇਬਾਜ਼ ਟਾਮ ਲਾਥਮ ਦੀ ਉਂਗਲੀ 'ਤੇ ਲੱਗੀ ਸੱਟ ਠੀਕ ਹੋਣ ਦਾ ਨਾਂ ਨਹੀਂ ਲੈ ਰਹੀ ਹੈ ਜਿਸ ਦੇ ਚੱਲਦੇ ਉਹ ਪਹਿਲੇ ਮੈਚ ਤੋਂ ਬਾਹਰ ਹੋ ਸਕਦੇ ਹਨ। ਲਾਥਮ ਨੂੰ ਪ੍ਰੈਕਟਿਸ ਮੈਚ ਦੇ ਦੌਰਾਨ ਸੱਟ ਲੱਗੀ ਸੀ ਜਿਸ ਦੇ ਨਾਲ ਉਨ੍ਹਾਂ ਦੀ ਉਂਗਲ ਫਰੈਕਚਰ ਹੋ ਗਈ ਸੀ। ਕੇਨ ਵਿਲੀਅਮਸਨ ਦੀ ਕਪ ?ਤਾਨੀ 'ਚ ਨਿਊਜ਼ੀਲੈਂਡ ਇਕ ਜੂਨ ਨੂੰ ਸ਼੍ਰੀਲੰਕਾ ਦੇ ਖਿਲਾਫ ਆਪਣੇ ਵਿਸ਼ਵ ਕੱਪ ਅਭਿਆਨ ਦੀ ਸ਼ੁਰੂਆਤ ਕਰੇਗੀ।ਬਰਿਸ ?ਬੰਸਰੀ 'ਚ ਇਕ ਪ੍ਰੈਕਟਿਸ ਮੈਚ ਦੇ ਦੌਰਾਨ ਲਾਥਮ ਵਿਕਟਕੀਪਿੰਗ ਕਰ ਰਹੇ ਸਨ। ਇਸ ਦੌਰਾਨ ਇਕ ਗੇਂਦ ਉਨ੍ਹਾਂ ਦੀ ਉਂਗਲ 'ਤੇ ਲੱਗੀ ਤੇ ਉਗਲ ਫਰੈਕਚਰ ਹੋ ਗਈ। ਇਸ ਤੋਂ ਬਾਅਦ ਲਾਥਮ ਨੂੰ ਝਟਪਟ ਮੈਚ ਤੋਂ ਹਟਾ ਦਿੱਤਾ ਗਿਆ ਸੀ। ਲਾਥਮ ਨੇ ਕਰਾਇਸਟਚਰਚ ਵਾਪਸ ਪਰਤਣ ਤੋਂ ਬਾਅਦ ਸਪੈਸ਼ਲਿਸਟ ਤੋਂ ਮੁਲਾਕਾਤ ਦੀ ਜਿਸ ਤੋਂ ਬਾਅਦ ਉਨ੍ਹਾਂ ਨੂੰ ਵਰਲਡ ਕੱਪ 'ਚ ਜਾਣ ਦੀ ਆਗਿਆ ਮਿਲੀ। ਜੇਕਰ ਲਾਥਮ ਸ਼੍ਰੀਲੰਕਾ ਦੇ ਨਾਲ ਹੋਣ ਵਾਲੇ ਮੈਚ ਤੋਂ ਪਹਿਲਾਂ ਪੂਰੀ ਤਰ੍ਹਾਂ ਨਾਲ ਠੀਕ ਨਹੀਂ ਹੁੰਦੇ ਤਾਂ ਟਾਮ ਬਲੰਡੇਲ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ।

# ਦੱਖਣੀ ਆਕਲੈਂਡ 'ਚ ਗੋਲੀ ਲੱਗਣ ਨਾਲ ਇੱਕ ਵਿਅਕਤੀ ਦੀ ਮੌਤ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ ਦੇ ਓਟਾਰਾ ਵਿੱਚ ਗੋਲੀ ਲੱਗਣ ਨਾਲ ਇੱਕ ਵਿਅਕਤੀ ਦੀ ਮੌਤ ਹੋ ਗਈ। ਪੁਲਿਸ ਅਨੁਸਾਰ ਘਟਨਾ ਦੁਪਹਿਰ 3 ਵਜੇ ਦੇ ਲੱਗਭਗ ਵਾਪਰੀ ਹੈ।ਪੁਲਿਸ ਅਨੁਸਾਰ ਉਨ੍ਹਾਂ ਨੇ ਖ਼ੂਨ 'ਚ ਲੱਥ-ਪੱਥ ਇੱਕ ਵਿਅਕਤੀ ਨੂੰ ਵੇਖਿਆ ਸੀ ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ ਹੈ। ਘਟਨਾ ਦੇ ਕਾਰਨਾ ਦਾ ਅਜੇ ਕੁੱਝ ਪਤਾ ਨਹੀਂ ਲੱਗਿਆ ਪੁਲਿਸ ਨੇ ਇਲਾਕੇ ਦੀ ਘੇਰਾਬੰਦੀ ਕੀਤੀ ਹੋਈ ਅਤੇ ਉਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਇਸ ਘਟਨਾ ਸਬੰਧੀ ਕਿਸੇ ਵੀ ਤਰਾਂ ਦੀ ਜਾਣਕਾਰੀ ਰੱਖਣ ਵਾਲਾ ਵਿਅਕਤੀ ਸਾਡੇ ਨਾਲ ਸੰਪਰਕ ਕਰ ਸਕਦਾ ਹੈ।

# ਜੈੱਟ ਏਅਰਵੇਜ਼ ਦੇ ਨਿਰਦੇਸ਼ਕ ਮੰਡਲ ਚ ਨਾਮਜ਼ਦ ਰਾਬਿਨ ਕਮਾਰਕ ਨੇ ਛੱਡੀ ਕੰਪਨੀ

ਨਵੀਂ ਦਿੱਲੀ—ਅਸਥਾਈ ਤੌਰ 'ਤੇ ਬੰਦ ਪਈ ਏਅਰਲਾਈਨ ਕੰਪਨੀ ਜੈੱਟ ਏਅਰਵੇਜ਼ ਦੇ ਨਿਰਦੇਸ਼ਕ ਮੰਡਲ ਦੇ ਮੈਂਬਰ ਰਾਬਿਨ ਕਮਾਰਕ ਨੇ 16 ਮਈ ਤੋਂ ਕੰਪਨੀ ਛੱਡ ਦਿੱਤੀ ਹੈ। ਉਹ ਨਿਰਦੇਸ਼ਕ ਮੰਡਲ 'ਚ ਜੈੱਟ ਏਅਰਵੇਜ਼ ਦੀ ਭਾਗੀਦਾਰ ਇਤਿਹਾਦ ਵੱਲੋਂ ਰੱਖੇ ਗਏ ਸਨ। ਕਮਾਰਕ ਦੇ ਅਸਤੀਫੇ ਤੋਂ ਬਾਅਦ ਜੈੱਟ ਏਅਰਵੇਜ਼ ਦੇ ਨਿਰਦੇਸ਼ਕ



ਮੰਡਲ 'ਚ ਹੁਣ ਸਿਰਫ ਅਸ਼ੋਕ ਚਾਵਲਾ ਅਤੇ ਸ਼ਰਦ ਸ਼ਰਮਾ ਹੀ ਬਚੇ ਹਨ। ਦੱਸਣਯੋਗ ਹੈ ਕਿ ਧਨ ਦੀ ਕਮੀ ਦੇ ਚੱਲਦੇ ਕੰਪਨੀ ਨੇ ਮੱਧ ਅਪ੍ਰੈਲ ਤੋਂ ਆਵਾਜਾਈ ਅਸਥਾਈ ਰੂਪ ਨਾਲ ਬੰਦ ਕਰ ਦਿੱਤੀ ਹੈ। ਇਤਿਹਾਦ ਨੇ 2013 'ਚ ਕੰਪਨੀ 'ਚ 24 ਫੀਸਦੀ ਹਿੱਸੇਦਾਰੀ ਖਰੀਦੀ ਸੀ ਅਤੇ ਕੰਪਨੀ ਦੇ ਨਿਰਦੇਸ਼ਕ ਮੰਡਲ 'ਚ ਕਮਾਰਕ ਤੋਂ ਇਲਾਵਾ ਕੈਵਿਨ ਨਾਈਟ ਨੂੰ ਆਪਣਾ ਨਿਰਦੇਸ਼ਕ ਨਿਯੁਕਤ ਕੀਤਾ ਸੀ।

# ਹਾਈਕੋਰਟ ਵਲੋਂ ਸੰਨੀ ਦਿਓਲ ਨੂੰ ਵੱਡੀ ਰਾਹਤ, ਗੁਰਦਾਸਪੁਰ ਚ ਤਾਇਨਾਤ ਹੋਣਗੀਆਂ CRPF ਦੀਆਂ 24 ਕੰਪਨੀਆਂ

ਗੁਰਦਾਸਪੁਰ: ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਤੇ ਬਾਲੀਵੁੱਡ ਅਦਾਕਾਰ ਸੰਨੀ ਦਿਓਲ ਨੇ ਅਦਾਲਤ ਨੂੰ ਅਪੀਲ ਕੀਤੀ ਸੀ। ਜਿਸ 'ਤੇ ਹਾਈਕੋਰਟ ਨੇ ਅੱਜ ਫੈਸਲਾ ਉਨ੍ਹਾਂ ਦੇ ਹੱਕ 'ਚ ਦਿੱਤਾ ਹੈ। ਸੰਨੀ ਦਿਓਲ ਦੇ ਵਕੀਲ ਐਲ.ਐਸ. ਵਿਰਕ ਨੇ ਦੱਸਿਆ ਕਿ ਉਨ੍ਹਾਂ ਜ਼ਿਲ੍ਹਾ ਚੋਣ ਅਧਿਕਾਰੀ ਨੂੰ ਸੁਰੱਖਿਆ ਸਬੰਧੀ ਕਈ ਵਾਰ ਅਪੀਲ ਕੀਤੀ ਸੀ ਪਰ ਕੋਈ ਅਸਰ ਨਾ ਹੋਇਆ। ਇਸ ਲਈ ਉਨ੍ਹਾਂ ਹਾਈਕੋਰਟ 'ਚ ਰਿੱਟ ਦਾਇਰ ਕੀਤੀ ਸੀ। ਉਨ੍ਹਾਂ ਕਿਹਾ ਕਿ ਸਾਨੂੰ ਖ਼ਦਸ਼ਾ ਹੈ ਕਿ ਇੱਥੇ ਬੂਥ ਕੈਪਚਰਿੰਗ ਦੀਆਂ ਘਟਨਾਵਾਂ ਹੋ ਸਕਦੀਆਂ ਹਨ, ਇਸ ਲਈ ਗੁਰਦਾਸਪੁਰ ਨੂੰ ਅਤਿ ਸੰਵੇਦਨਸ਼ੀਲ ਹਲਕਾ ਐਲਾਨਣ ਦੀ ਮੰਗ ਕੀਤੀ ਜਾ ਰਹੀ ਸੀ। ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਹੁਣ ਗੁਰਦਾਸਪੁਰ ਲੋਕ ਸਭਾ ਹਲਕੇ ਵਿੱਚ ਨੀਮ ਫ਼ੌਜੀ ਦਸਤਿਆਂ ਦੀਆਂ 15 ਦੀ ਬਜਾਏ 24 ਕੰਪਨੀਆਂ ਵੋਟਿੰਗ ਦੌਰਾਨ ਸੁਰੱਖਿਆ ਪ੍ਰਬੰਧ ਦੇਖਣਗੀਆਂ। ਗੁਰਦਾਸਪੁਰ ਲੋਕ ਸਭਾ ਹਲਕੇ ਵਿੱਛ 1826 ਬੂਥ ਹਨ, ਜਿਨ੍ਹਾਂ ਵਿੱਚੋਂ 111 ਨੂੰ ਅਤਿ ਸੰਵੇਦਨਸ਼ੀਲ ਐਲਾਨ ਦਿੱਤਾ ਗਿਆ ਹੈ ਅਤੇ 460 ਬੂਥ ਸੰਵੇਦਨਸ਼ੀਲ ਹਨ।

# ਫਰਾਂਸ : ਡਾਕਟਰ ਤੇ ਲੱਗਿਆ 17 ਮਰੀਜ਼ਾਂ ਨੂੰ ਜ਼ਹਿਰ ਦੇਣ ਦਾ ਦੋਸ਼

ਪੈਰਿਸ- ਫਰਾਂਸ 'ਚ ਇਕ ਡਾਕਟਰ 'ਤੇ 17 ਮਰੀਜ਼ਾਂ ਨੂੰ ਜ਼ਹਿਰ ਦੇ ਕੇ ਮਾਰਨ ਦਾ ਦੋਸ਼ ਲੱਗਾ ਹੈ। ਉਸ ਖਿਲਾਫ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਮੁਲਜ਼ਮ ਡਾਕਟਰ ਫ੍ਰੈਡਰਿਕ ਪੇਚੀਅਰ (47) ਇਕ ਏਨੈਸਥੇਸਿਓਲਾਜਿਸਟ ਹੈ। ਜ਼ਹਿਰ ਦੇਣ ਦੇ 7 ਮਾਮਲਿਆਂ ਵਿਚ ਉਸ ਖਿਲਾਫ ਪਹਿਲਾਂ ਹੀ ਜਾਂਚ ਹੋ ਚੁੱਕੀ ਹੈ। ਇਸ ਤਰ੍ਹਾਂ ਦੇ ਮਾਮਲਿਆਂ ਵਿਚ ਕੁਲ 9 ਲੋਕਾਂ ਦੀ ਮੌਤ ਵੀ ਹੋ ਚੁੱਕੀ ਹੈ। ਇਸਤਗਾਸਾ ਧਿਰ ਦਾ ਦੋਸ਼ ਹੈ ਕਿ ਪੇਚੀਅਰ ਨੇ ਜਾਣ ਬੁੱਝ ਕੇ ਆਪਣੇ ਸਹਿਯੋਗੀਆਂ ਦੇ ਏਨੇਸਥੀਸੀਆ ਪਾਊਚ ਦੇ ਨਾਲ ਛੇੜਛਾੜ ਕੀਤੀ ਸੀ। ਉਹ ਐਮਰਜੈਂਸੀ ਸਥਿਤੀ ਪੈਦਾ ਕਰਨਾ ਚਾਹੁੰਦਾ ਸੀ, ਜਿਸ ਨਾਲ ਆਪਣੀ ਕੁਸ਼ਲਤਾ ਦਾ ਪ੍ਰਦਰਸ਼ਨ ਕਰ ਸਕੇ। ਪੇਚੀਅਰ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ। ਹਾਲਾਂਕਿ ਜੇਕਰ ਉਹ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਨੂੰ ਉਮਰਕੈਦ ਹੋ ਸਕਦੀ ਹੈ। ਮੁਲਜ਼ਮ ਦੇ ਵਕੀਲ ਜੀਨ-ਯਵੇਸ ਲੀ ਬੋਰਗਨ ਨੇ ਮੀਡੀਆ ਨੂੰ ਦੱਸਿਆ ਕਿ ਜਾਂਚ ਵਿਚ ਕੁਝ ਵੀ ਸਾਬਿਤ ਨਹੀਂ ਹੋਇਆ ਹੈ, ਉਨ੍ਹਾਂ ਨੇ ਕਿਹਾ



ਕਿ ਪੇਚੀਅਰ ਨੇ ਉਨ੍ਹਾਂ ਨੂੰ ਜ਼ਹਿਰ ਦਿੱਤਾ ਹੈ, ਇਹ ਸਿਰਫ ਇਕ ਕਲਪਨਾ ਹੈ। ਬੇਜੰਸ ਦੇ ਪੂਰਬੀ ਸ਼ਹਿਰ ਵਿਚ ਮਈ 2017 ਵਿਚ ਇਕ ਜੱਜ ਨੇ ਪੇਚੀਅਰ 'ਤੇ ਜ਼ਹਿਰ ਦੇਣ ਦੇ ਲੱਗੇ ਦੋਸ਼ਾਂ ਵਿਚੋਂ 7 ਦੀ ਜਾਂਚ ਤੋਂ ਬਾਅਦ ਉਸ ਨੂੰ ਛੱਡ ਦਿੱਤਾ ਗਿਆ ਸੀ। ਹਾਲਾਂਕਿ ਉਸ ਦੀ ਪ੍ਰੈਕਟਿਸ 'ਤੇ ਰੋਕ ਲਗਾ ਦਿੱਤੀ ਗਈ ਸੀ। ਇਸੇ ਹਫਤੇ ਪੁਲਸ ਨੇ ਪੇਚੀਅਰ ਤੋਂ 66 ਕਾਰਡਿਕ ਅਰੈਸਟ ਦੇ ਮਾਮਲਿਆਂ ਵਿਚ ਪੁੱਛਗਿਛ ਕੀਤੀ। ਮੰਨਿਆ ਗਿਆ ਕਿ ਇਨ੍ਹਾਂ ਮਰੀਜ਼ਾਂ ਨੂੰ ਖਤਰਾ ਘੱਟ ਸੀ, ਪਰ ਇਨ੍ਹਾਂ ਨੂੰ ਆਪ੍ਰੇਸ਼ਨ ਦੌਰਾਨ ਕਾਰਡਿਕ ਅਰੈਸਟ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਦੀ ਉਮਰ ਚਾਰ ਤੋਂ 80 ਸਾਲ ਸੀ। ਦੋਸ਼ ਹੈ ਕਿ ਜਦੋਂ ਅਜਿਹੀਆਂ ਘਟਨਾਵਾਂ ਹੁੰਦੀਆਂ ਸਨ ਤਾਂ ਅਕਸਰ ਉਹ ਆਪ੍ਰੇਸ਼ਨ ਥੀਏਟਰ ਦੇ ਨੇੜੇ ਹੁੰਦਾ ਸੀ। ਪੇਚੀਅਰ ਨੇ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਇਸ ਜਾਂਚ ਦਾ ਚਾਹੇ ਕੋਈ ਵੀ ਸਿੱਟਾ ਨਿਕਲੇ, ਪਰ ਮੇਰਾ ਕਰੀਅਰ ਖਤਮ ਹੋ ਚੁੱਕਾ ਹੈ। ਤੁਸੀਂ ਉਸ ਡਾਕਟਰ 'ਤੇ ਵਿਸ਼ਵਾਸ ਨਹੀਂ ਕਰ ਸਕਦੇ, ਜਿਸ 'ਤੇ ਜ਼ਹਿਰ ਦੇਣ ਦਾ ਇਲਜ਼ਾਮ ਲੱਗਾ ਹੋਵੇ। ਮੇਰਾ ਪਰਿਵਾਰ ਟੁੱਟ ਚੁੱਕਾ ਹੈ ਅਤੇ ਮੈਂ ਆਪਣੇ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਚਿੰਤਤ ਹਾਂ।

# ਅਫਗਾਨਿਸਤਾਨ ਨੇ ਆਪਣੇ ਹੀ ਪੁਲਸ ਮੁਲਾਜ਼ਮਾਂ ਤੇ ਕੀਤੀ ਏਅਰ ਸਟ੍ਰਾਈਕ, 17 ਦੀ ਮੌਤ ਕਈ ਜ਼ਖ਼ਮੀ

ਅਫਗਾਨਿਸਤਾਨ ਦੀ ਖੁਦ ਦੀ ਗਲਤੀ ਨਾਲ ਤਾਲਿਬਾਨ ਅੱਤਵਾਦੀਆਂ ਦੀ ਥਾਂ ਆਪਣੇ ਹੀ 17 ਪੁਲਸ ਮੁਲਾਜ਼ਮਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਏਅਰ ਸਟ੍ਰਾਈਕ ਵਿਚ 14 ਹੋਰ ਪੁਲਸ ਮੁਲਾਜ਼ਮ ਗੰਭੀਰ ਰੂਪ ਨਾਲ ਜ਼ਖਮੀ ਹੋ ਗਏ। ਦੱਸਿਆ ਜਾ ਰਿਹਾ ਹੈ ਕਿ ਅਫਗਾਨਿਸਤਾਨ ਦੇ ਦੱਖਣੀ ਹੇਲਮੰਡ ਸੂਬੇ ਦੀ ਰਾਜਧਾਨੀ ਲਸ਼ਕਰ ਗਾਹ ਦੇ ਬਾਹਰੀ ਇਲਾਕੇ ਵਿਚ ਤਾਲਿਬਾਨ ਨਾਲ ਲੜਾਈ ਦੌਰਾਨ ਇਹ ਗਲਤੀ ਹੋਈ ਹੈ।



ਸੂਬਾ ਕੌਂਸਲ ਦੇ ਮੁਖੀ ਅਤਾਉੱਲਾ ਅਫਗਾਨ ਨੇ ਦੱਸਿਆ ਕਿ ਹਵਾਈ ਹਮਲਾ ਵੀਰਵਾਰ ਨੂੰ ਉਸ ਵੇਲੇ ਹੋਇਆ, ਜਦੋਂ ਅਫਗਾਨ ਪੁਲਸ ਸ਼ਹਿਰ ਦੇ ਨੇੜੇ ਤਾਲਿਬਾਨ ਦੇ ਨਾਲ ਜੰਗ ਲੜ ਰਹੀ ਸੀ। ਉਨ੍ਹਾਂ ਨੇ ਦੱਸਿਆ ਕਿ ਹਮਲੇ ਵਿਚ 14 ਪੁਲਸ ਮੁਲਾਜ਼ਮ ਜ਼ਖਮੀ ਹੋਏ ਹਨ। ਫਿਲਹਾਲ ਇਹ ਤੁਰੰਤ ਸਾਫ ਨਹੀਂ ਹੋ ਸਕਿਆ ਹੈ ਕਿ ਅਫਗਾਨਿਸਤਾਨ ਜਾਂ ਅਮਰੀਕੀ ਸੁਰੱਖਿਆ ਦਸਤਿਆਂ ਵਿਚੋਂ ਕਿਸ ਨੇ ਇਹ ਹਵਾਈ ਹਮਲਾ ਕੀਤਾ। ਕਾਬੁਲ ਵਿਚ ਅਮਰੀਕੀ ਫੌਜ ਤੋਂ ਤੁਰੰਤ ਇਸ ਬਾਰੇ ਕੋਈ ਜਵਾਬ ਨਹੀਂ ਮਿਲਿਆ ਹੈ। ਹਾਲਾਂਕਿ ਇਸ ਬਾਬਤ ਅਮਰੀਕੀ ਫੌਜ ਨੇ ਹਮੇਸ਼ਾ ਅਫਗਾਨਿਸਤਾਨੀ ਫੌਜੀਆਂ ਦੀ ਹਮਾਇਤ ਕੀਤੀ ਹੈ। ਹੇਲਮੰਡ ਦੇ ਗਵਰਨਰ ਮੁੰਹਮਦ ਯਾਸਿਨ ਨੇ ਕਿਹਾ ਹੈ ਕਿ ਇਸ ਏਅਰ ਸਟ੍ਰਾਈਕ ਦੀ ਜਾਂਚ ਕੀਤੀ ਜਾ ਰਹੀ ਹੈ। ਤਾਲਿਬਾਨ ਵਲੋਂ ਜਾਰੀ ਬਿਆਨ ਵਿਚ ਇਸ ਹਮਲੇ ਲਈ ਅਮਰੀਕੀ ਫੋਰਸਾਂ ਨੂੰ ਜ਼ਿੰਮੇਵਾਰ ਦੱਸਿਆ ਗਿਆ ਹੈ।

# ਪਗੜੀ ਧਾਰੀ ਸਿੱਖ ਨੌਜਵਾਨ ਨੂੰ ਰੈਸਟੋਰੈਂਟ ਚ ਜਾਣ ਤੋਂ ਰੋਕਿਆ

ਨਿਊਯਾਰਕ- ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿਚ ਆਪਣੇ ਦੋਸਤਾਂ ਨੂੰ ਮਿਲਣ ਪਹੁੰਚੇ ਪਗੜੀਧਾਰੀ ਇਕ ਸਿੱਖ ਨੌਜਵਾਨ ਨੂੰ ਰੈਸਟੋਰੈਂਟ ਵਿਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ। ਇਕ ਮੀਡੀਆ ਰਿਪੋਰਟ ਵਿਚ ਇਸ ਗੱਲ ਦਾ ਖੁਲਾਸਾ ਹੋਇਆ ਹੈ। ਗੁਰਵਿੰਦਰ ਗ੍ਰੇਵਾਲ (23) ਸ਼ਨੀਵਾਰ ਨੂੰ ਮੱਧ ਰਾਤ ਤੋਂ ਬਾਅਦ ਰਿਪੋਰਟ ਜੇਫਰਸਨ ਵਿਚ ਹਾਰਬਰ ਗ੍ਰਿਲ ਪਹੁੰਚੇ ਸਨ, ਪਰ ਰੈਸਟੋਰੈਂਟ ਦੀ




ਸੁਰੱਖਿਆ ਵਿਚ ਤਾਇਨਾਤ ਸੁਰੱਖਿਆ ਗਾਰਡਾਂ ਨੇ ਰੈਸਟੋਰੈਂਟ ਦੀ ਨਵੀਂ ਨੀਤੀ ਦਾ ਹਵਾਲਾ ਦਿੰਦੇ ਹੋਏ ਪਗੜੀਧਾਰੀ ਸਿੱਖ ਨੂੰ ਅੰਦਰ ਜਾਣ ਤੋਂ ਰੋਕ ਦਿੱਤਾ ਗਿਆ। ਸਟੋਨੀ ਬਰੁਕ ਯੂਨੀਵਰਸਿਟੀ ਵਿਚ ਗ੍ਰੈਜੂਏਸ਼ਨ ਦੇ ਵਿਦਿਆਰਥੀ ਗ੍ਰੇਵਾਲ ਨੇ ਕਿਹਾ ਕਿ ਮੈਂ ਹੈਰਾਨ, ਸ਼ਰਮਿੰਦਾ ਮਹਿਸੂਸ ਕਰ ਰਿਹਾ ਸੀ। ਇਸ ਤੋਂ ਪਹਿਲਾਂ ਪਗੜੀ ਪਹਿਨਣ ਕਾਰਨ ਮੈਨੂੰ ਕਿਸੇ ਵੀ ਰੈਸਟੋਰੈਂਟ ਵਿਚ ਸੇਵਾਵਾਂ ਦੇਣ ਜਾਂ ਦਾਖਲ ਹੋਣ ਤੋਂ ਨਹੀਂ ਰੋਕਿਆ ਗਿਆ। ਨਿਊਯਾਰਕ ਪੋਸਟ ਵਿਚ ਕਿਹਾ ਕਿ ਉਨ੍ਹਾਂ ਨੇ ਪ੍ਰਬੰਧਕ ਨੂੰ ਸਮਝਾਇਆ ਕਿ ਉਹ ਆਪਣੇ ਧਰਮ ਦਾ ਪਾਲਨ ਕਰਨ ਲਈ ਪਗੜੀ ਪਹਿਨਦੇ ਹਨ ਅਤੇ ਦੋਸਤਾਂ ਦੇ ਨਾਲ ਸਮਾਂ ਬਿਤਾਉਣਾ ਚਾਹੁੰਦੇ ਹਨ। ਰੈਸਟੋਰੈਂਟ ਨੇ ਕਿਹਾ ਕਿ ਅਸੀਂ ਹੈਟ ਜਾਂ ਹੋਰ ਟੋਪੀ ਪਹਿਨੇ ਲੋਕਾਂ ਨੂੰ ਰੈਸਟੋਰੈਂਟ ਅੰਦਰ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੰਦੇ। ਅਜਿਹਾ ਇਸ ਲਈ ਕੀਤਾ ਜਾਂਦਾ ਹੈ ਤਾਂ ਜੋ ਅਸੀਂ ਉਨ੍ਹਾਂ ਦੀ ਚੰਗੀ ਤਰ੍ਹਾਂ ਨਾਲ ਪਛਾਣ ਕਰ ਸਕੀਏ।